# ਸਕੇਬੀਜ਼ Scabies

ਸਕੇਬੀਜ਼ ਚਮੜੀ ਦੀ ਇੱਕ ਲਾਗ ਹੈ ਜੋ ਸਾਰਕੌਪਟੇਸ ਸਕੈਬੀਆਈ ਨਾਂ ਦੇ ਉਪਜੀਵ ਕਾਰਣ ਹੁੰਦੀ ਹੈ। ਸਕੇਬੀਜ਼ ਆਮ ਤੌਰ ’ਤੇ ਹੱਥਾਂ, ਕੱਛਾਂ, ਗੁੱਟਾਂ, ਨਿੱਪਲਾਂ, ਲੱਕ, ਢਿੱਡ, ਗੁਪਤ ਅੰਗਾਂ ਅਤੇ ਪੱਟਾਂ ਉੱਪਰ ਹੁੰਦੀ ਹੈ।

ਲੋਸ਼ਨਾਂ ਜਾਂ ਕ੍ਰੀਮਾਂ ਨਾਲ ਸਕੇਬੀਜ਼ ਦਾ ਇਲਾਜ ਕੀਤਾ ਜਾ ਸਕਦਾ ਹੈ।

## ਕਾਰਣ Causes

ਸਕੇਬੀਜ਼ ਕਾਮੁਕ ਸੰਬੰਧਾਂ ਸਮੇਤ ਨੇੜਲੇ ਮਨੁੱਖੀ ਸੰਪਰਕ ਕਾਰਣ ਫੈਲਦੀ ਹੈ। ਬਿਸਤਰਾ ਜਾਂ ਘਰੇਲੂ ਸਮਾਨ ਜਿਹੀਆਂ ਵਸਤਾਂ ਸਾਂਝੀਆਂ ਕਰਨ ਨਾਲ ਵੀ ਸਕੇਬੀਜ਼ ਫੈਲ ਸਕਦੀ ਹੈ। ਭਾਵੇਂ ਤੁਹਾਡੇ ਵਿੱਚ ਕੋਈ ਲੱਛਣ ਨਾ ਵੀ ਹੋਣ, ਜੇ ਤੁਹਾਨੂੰ ਸਕੇਬੀਜ਼ ਹੋਈ ਹੈ ਤਾਂ ਇਹ ਤੁਹਾਡੇ ਤੋਂ ਦੂਜੇ ਵਿਅਕਤੀਆਂ ਵਿੱਚ ਫੈਲ ਸਕਦੀ ਹੈ।

## ਲੱਛਣ Symptoms

ਖਾਰਿਸ਼ ਹੋਣੀ ਸਕੇਬੀਜ਼ ਦਾ ਸਭ ਤੋਂ ਆਮ ਲੱਛਣ ਹੈ।ਰਾਤ ਨੂੰ ਅਤੇ ਗਰਮ ਪਾਣੀ ਨਾਲ ਨਹਾਉਣ ਨਾਲ ਅਕਸਰ ਖਾਰਿਸ਼ ਹੋਰ ਵੀ ਬਦਤਰ ਹੋ ਜਾਂਦੀ ਹੈ। ਇਹ ਲੱਛਣ ਸਕੇਬੀਜ਼ ਦੀ ਵਜ੍ਹਾ ਬਣਨ ਵਾਲੇ ਉਪਜੀਵਾਂ ਪ੍ਰਤੀ ਐਲਰਜਿਕ ਰੀਐਕਸ਼ਨ ਕਾਰਣ ਹੁੰਦੇ ਹਨ।

## ਟੈਸਟ ਅਤੇ ਰੋਗ ਦੀ ਪਛਾਣ Tests and Diagnosis

ਸਕੇਬੀਜ਼ ਦਾ ਟ੍ਰੀਟਮੈਂਟ ਅਕਸਰ ਖਾਰਿਸ਼ ਅਤੇ ਵਿਸ਼ੇਸ਼ ਕਿਸਮ ਦੇ ਧੱਫੜ ਜਿਹੇ ਲੱਛਣਾਂ ਉੱਪਰ ਅਧਾਰਿਤ ਹੁੰਦਾ ਹੈ। ਚਮੜੀ ਤੋਂ ਝੜਨ ਵਾਲੇ ਬੁਰਾਦੇ ਨੂੰ ਮਾਈਕ੍ਰੋਸਕੋਪ ਹੇਠ ਰੱਖ ਕੇ ਵੀ ਇਹ ਉਪਜੀਵ ਦੇਖੇ ਜਾ ਸਕਦੇ ਹਨ। ਪਹਿਲੇ ਇਲਾਜ ਦੇ 7 ਤੋਂ 10 ਦਿਨ ਬਾਅਦ ਜੇ ਕੋਈ ਨਵਾਂ ਧੱਫੜ ਉੱਭਰੇ ਜਾਂ ਲਾਗ ਦੇ ਸੰਕੇਤ ਬਰਕਰਾਰ ਰਹਿਣ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਸੰਪਰਕ ਕਰੋ।

## ਇਲਾਜ Treatment

ਸਕੇਬੀਜ਼ ਦਾ ਇਲਾਜ ਉਨ੍ਹਾਂ ਲੋਸ਼ਨਾਂ ਜਾਂ ਕ੍ਰੀਮਾਂ ਨਾਲ ਕੀਤਾ ਜਾਂਦਾ ਹੈ ਜਿਨ੍ਹਾਂ ਨੂੰ ਸਰੀਰ ’ਤੇ ਧੌਣ ਤੋਂ ਹੇਠਾਂ ਵਾਲੇ ਹਿੱਸੇ ਉੱਪਰ ਲਾਇਆ ਜਾਂਦਾ ਹੈ। ਇਨ੍ਹਾਂ ਕ੍ਰੀਮਾਂ ਅਤੇ ਲੋਸ਼ਨਾਂ ਨੂੰ ਘੱਟੋ-ਘੱਟ 8 ਘੰਟੇ ਲਈ ਲਗਾ ਕੇ ਰੱਖਿਆ ਜਾਂਦਾ ਹੈ। ਇਲਾਜ ਤੋਂ ਬਾਅਦ ਵੀ ਕੁਝ ਹਫ਼ਤਿਆਂ ਤਕ ਖਾਰਿਸ਼ ਜਾਰੀ ਰਹਿ ਸਕਦੀ ਹੈ। ਆਪਣੇ ਵਾਸਤੇ ਸਹੀ ਇਲਾਜ ਦੀ ਪਛਾਣ ਲਈ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਕਿਉਂਕਿ ਸਕੇਬੀਜ਼ ਨੇੜਲੇ ਮਨੁੱਖੀ ਸੰਪਰਕ ਕਾਰਣ ਫੈਲਦੀ ਹੈ, ਇਸ ਲਈ ਇੱਕ ਦੂਜੇ ਦੇ ਨੇੜੇ ਰਹਿਣ ਵਾਲੇ ਵਿਅਕਤੀਆਂ ਦਾ ਇਲਾਜ ਇਕੱਠੇ ਹੀ ਕੀਤਾ ਜਾਂਦਾ ਹੈ। ਸਾਰੇ ਕੱਪੜੇ ਅਤੇ ਬੈੱਡ ਦੀਆਂ ਚਾਦਰਾਂ ਨੂੰ ਗਰਮ ਪਾਣੀ (50 ਡਿਗਰੀ ਸੈਲਸੀਅਸ) ਨਾਲ ਧੋਣਾ ਜਾਂ ਡ੍ਰਾਈ ਕਲੀਨ ਕਰਵਾਉਣ ਚਾਹੀਦਾ ਹੈ। ਅਜਿਹੀ ਕੋਈ ਵੀ ਚੀਜ਼ ਜਿਸ ਨੂੰ ਧੋਇਆ ਜਾਂ ਡ੍ਰਾਈ-ਕਲੀਨ ਨਹੀਂ ਕੀਤਾ ਜਾ ਸਕਦਾ ਉਸ ਨੂੰ ਹਵਾਬੰਦ ਪਲਾਸਟਿਕ ਬੈਗ ਵਿੱਚ ਸੀਲ ਕਰਕੇ ਇੱਕ ਹਫ਼ਤੇ ਲਈ ਰੱਖ ਦਿੱਤਾ ਜਾਣਾ ਚਾਹੀਦਾ ਹੈ। ਗੱਦੇ ਵੈਕਿਊਮ ਨਾਲ ਸਾਫ਼ ਕੀਤੇ ਜਾਣੇ ਚਾਹੀਦੇ ਹਨ।

## ਉਲਝਣਾਂ Complications

ਆਮ ਤੌਰ ’ਤੇ ਸਕੇਬੀਜ਼ ਕਾਰਣ ਕੋਈ ਹੋਰ ਸਿਹਤ ਸਮੱਸਿਆਵਾਂ ਨਹੀਂ ਹੁੰਦੀਆਂ। ਬਹੁਤ ਜ਼ਿਆਦਾ ਖਾਰਿਸ਼ ਕਰਨ ਨਾਲ ਚਮੜੀ ਉੱਪਰ ਇਨਫ਼ੈਕਸ਼ਨਾਂ ਹੋ ਸਕਦੀਆਂ ਹਨ। ਜੇ ਅਜਿਹਾ ਹੋਵੇ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨੂੰ ਮਿਲੋ।

## ਰੋਕਥਾਮ Prevention

ਜੇ ਤੁਹਾਡੇ ਨਵੇਂ ਕਾਮੁਕ ਸਾਥੀ ਹਨ ਜਾਂ ਤੁਸੀਂ ਬੇਪਾਬੰਦਗੀ ਵਾਲੇ ਖੁੱਲ੍ਹੇ ਪ੍ਰੇਮ ਸੰਬੰਧਾਂ ਵਿੱਚ ਹੋ ਤਾਂ ਤੁਹਾਨੂੰ ਜਿਨਸੀ ਸੰਬੰਧਾਂ ਕਾਰਣ ਲੱਗਣ ਵਾਲੀਆਂ ਬਿਮਾਰੀਆਂ (ਐੱਸ ਟੀ ਆਈ) ਵਾਸਤੇ ਵਿਸ਼ੇਸ਼ ਤੌਰ ’ਤੇ ਬਾਕਾਇਦਾ ਟੈਸਟ ਕਰਾਉਣੇ ਚਾਹੀਦੇ ਹਨ। ਆਪਣੇ ਕਾਮੁਕ ਸਾਥੀਆਂ ਨਾਲ ਸੁਰੱਖਿਅਤ ਸੰਭੋਗ ਬਾਰੇ ਗੱਲ ਕਰਨ ਦਾ ਮਤਲਬ ਹੈ ਕਿ ਸਭ ਨੂੰ ਪਤਾ ਹੋਵੇਗਾ ਕਿ ਕੀ ਉਮੀਦ ਰੱਖਣੀ ਹੈ। ਜੇ ਨਿਰੋਧ ਤੁਹਾਡੇ ਲਈ ਸਹੀ ਕੰਮ ਕਰਨ ਤਾਂ ਇਹ ਵਧੀਆ ਰਹਿੰਦੇ ਹਨ ਪਰ ਨਿਰੋਧ ਨਾਲ ਸਕੇਬੀਜ਼ ਫੈਲਣ ਤੋਂ ਰੁਕੇਗੀ ਨਹੀਂ।

## ਵਸੀਲੇ Resources

**HealthLink BC (ਹੈਲਥਲਿੰਕ ਬੀ ਸੀ) – ਸਕੇਬੀਜ਼ ਬਾਰੇ ਵੱਖ-ਵੱਖ ਭਾਸ਼ਾਵਾਂ ਵਿੱਚ ਜਾਣਕਾਰੀ**
https://www.healthlinkbc.ca/healthlinkbc-files/scabies

**SmartSexResource (ਸਮਾਰਟ ਸੈਕਸ ਰੀਸੋਰਸ) – ਜੇ ਤੁਹਾਨੂੰ ਸਕੇਬੀਜ਼ ਬਾਰੇ ਫ਼ਿਕਰ ਜਾਂ ਬੇਚੈਨੀ ਹੈ**
https://smartsexresource.com/topics/worry-and-anxiety

**TransCareBC (ਟ੍ਰਾਂਸ ਕੇਅਰ ਬੀ ਸੀ) – ਹਰ ਲਿੰਗ ਲਈ ਹਾਮੀ ਭਰਨ ਵਾਲੀ ਕਾਮੁਕ ਅਤੇ ਪੁਨਰ-ਉਤਪਤੀ ਸਿਹਤ ਜਾਣਕਾਰੀ**
http://www.phsa.ca/transcarebc/care-support/access-care/sexual-hlth